ਬੜਾ ਵਧੀਆ

ਨਾਵਲ

... SINGH
LAHORE
LIBRARY
G. 420

ਮਦਨ ਰੰਜਨ

# ਮਹਿੰਦਰ ਕੁਮਾਰ

## ਭਾਗ ਸਤਵਾਂ

ਪੰਜਾਬੀ ਉਲਥਾ ਕਾਰ

ਸ੍ਰ: ਭਗਤ ਸਿੰਘ ਜੀ ਬੀ. ਏ. ਐਲ. ਐਲ. ਬੀ

ਵਕੀਲ ਗੁਜਰਾਂ ਵਾਲੀਆ, ਹਾਲ ਲਾਹੌਰ

ਮੋਖ] -:ਪ੍ਰਕਾਸ਼ਕ:- [ ।।।)

ਭਾਈ ਚਤਰ ਸਿੰਘ ਜੀਵਨ ਸਿੰਘ

ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਸਭ ਹਕ ਰਾਖਵੇਂ ਹਨ

੧ ਓ ਸਤਿਗੁਰਪ੍ਰਸਾਦਿ ॥

# ਮਹਿੰਦਰ ਕੁਮਾਰ

ਅਰਥਾਤ

# ਮਦਨਰੰਜਨੀ

ਸਾਤਵਾਂ ਉਪਨਜਾਸ

## ਛੇਵਾਂ ਭਾਗ

### ਪਹਿਲਾ ਬਿਆਨ

ਮਹਾਰਾਜ ਸੂਰਜ ਸਿੰਹ ਦਾ ਦਰਬਾਰ ਬੜੇ ਠਾਠ ਬਾਠ ਨਾਲ ਲਗਾ ਹੋਯਾ ਹੈ। ਬੜੇ ਬੜੇ ਅਫਸਰ, ਮੰਤ੍ਰੀ ਸੈਨਾਪਤੀ ਮੀਰ ਮੁਨਸ਼ੀ, ਕੋਤਵਾਲ ਆਦੀ ਬਕਾਇਦਾ ਆਪਨੀ ਆਪਨੀ ਜਗਾ ਪਰ ਬੈਠੇ ਹਨ, ਹਰ ਇਕ ਦੀ ਪੁਸ਼ਾਕ ਨਿਰਾਲੇ ਢੰਗ ਦੀ ਬੜੀ ਹੀ ਕੀਮਤੀ ਜਿਨਾਂ ਵਿਚ ਬੜੇ ਬੜੇ ਸੁਨਹਿਰੀ ਸਤਾਰੇ ਇਸ ਸੁੰਦਰਤਾ ਨਾਲ ਜੜੇ ਹੋਏ ਹਨ, ਜਿਨਾਂ ਨੂੰ ਦੇਖਦਿਆਂ ਹੀ ਤਬੀਅਤ ਫੜਕ ਉਠਦੀ ਹੈ, ਸਭਨਾਂ ਸਤਾਰਿਆਂ ਵਿਚ 'ਸ੍ਰੀ ਸੂਰਜ ਸਿੰਹ ਜੀ' ਬੜੇ ਸਾਫ ਅਖਰਾਂ ਵਿਚ ਲਿਖਿਆ ਹੋਯਾ ਹੈ, ਮਹਾਰਾਜਾ ਧਿਰਾਜ ਇਕ ਜੜਾਊ ਸੋਨੇ ਦੇ ਸਿੰਘਾਸਨ ਤੇ ਬਿਰਾਜਮਾਨ ਹਨ, ਜਿਸਦੀ ਸੋਭਾ ਦੇਖਦਿਆਂ ਅਖਾਂ ਚੁੰਧਿਆ ਜਾਂਦੀਆਂ ਹਨ,

ਬੜੇ ਬੜੇ ਅਨਮੋਲ ਹੀਰੇ ਮੋਤੀ ਆਦਿ ਅਨੇਕ ਪ੍ਰਕਾਰ ਦੇ ਵਡਮੁਲੇ ਕੀਮਤੀ ਜਵਾਹਰਾਂ ਨਾਲ ਸਿੰਘਾਸਨ ਜੜਿਆ ਹੋਯਾ ਖ਼ੂਬਸੂਰਤੀ ਦਾ ਨਮੂਨਾ ਬਣਿਆ ਹੋਯਾ ਹੈ। ਏਹ ਸਿੰਘਾਸਨ ਇਕ ਉਚੀ ਜਗਾ ਤੇ ਰਖਿਆ ਹੋਯਾ ਜਗ ਮਗਾ ਰਿਹਾ ਹੈ। ਮਹਾਰਾਜ ਦੀ ਪੁਸ਼ਾਕ ਉਤੇ ਨਜਰ ਨਹੀਂ ਠਹਿਰਦੀ, ਦਰਬਾਰ ਦਾ ਸਥਾਨ ਭੀ ਖ਼ੂਬ ਹੀ ਸਜਿਆ ਹੋਯਾ ਹੈ। ਜਗਾ ਜਗਾ ਚੋਬਦਾਰ ਹਲਕਾਰੇ ਜਾਸੂਸ, ਇਤ ਆਦਿ ਹਥਾਂ ਵਿਚ ਸੋਨੇ ਚਾਂਦੀ ਦੇ ਆਸੇ ਲਈ ਖੜੇ ਹਨ।

ਕੁੰਵਰ ਕ੍ਰਿਸ਼ਨ ਚੰਦਰ ਦੇ ਭੇਜੇ ਹੋਏ ਸਿਪਾਹੀਆਂ ਵਿਚੋਂ ਇਕ ਨੇ ਆਪਣੇ ਔਣ ਦੀ ਇਤਲਾਹ ਕਰਾਈ। ਅਰ ਮਹਾਰਾਜ ਨੇ ਉਸਨੂੰ ਬੁਲਵਾਯਾ ਉਸ ਨੇ ਨਮਸਕਾਰ ਕਰਕੇ ਚਿਠੀ ਦਿਤੀ ਅਤੇ ਆਖਿਆ ਗ੍ਰਿਫ਼ਤਾਰ ਕੀਤੇ ਹੋਏ ਡਾਕੂ ਬਾਹਰ ਖੜੇ ਹਨ। ਚਿਠੀ ਪੜ੍ਹਕੇ ਮਹਾਰਾਜ ਬਹੁਤ ਪ੍ਰਸੰਨ ਹੋਏ ਅਰ ਸਿਪਾਹੀ ਨੂੰ ਕੰਵਰ ਜੀ ਦਾ ਹਾਲ ਪੁਛਿਆ ਸਿਪਾਹੀ ਨੇ ਹਥ ਜੋੜਕੇ ਆਖਿਆ—ਦੋ ਤਿੰਨ ਦਿਨ ਤੋਂ ਕੰਵਰ ਜੀ ਦੀ ਤਬੀਅਤ ਕੁਝ ਘਾਬਰੀ ਹੋਈ ਰਹਿੰਦੀ ਹੈ। ਓਥੋਂ ਤੁਰਨ ਸਮੇਂ ਇਕ ਨਵੀ ਗਲ ਹੋਗਈ ਯਾਨੇ ਮਹਾਰਾਜ ਸ੍ਰੀ ਦੱਤ ਜੀ ਦੀ ਕੁਮਾਰ ਜੋ ਨਾ ਮਾਲੂਮ ਕਿਸਤਰਾਂ ਡਾਕੂਆਂ ਦੇ ਹਥ ਲਗ ਗਈ ਸੀ ਇਕ ਡੋਲੀ ਵਿਚ ਬਿਹੋਸ਼ ਪਾਈ ਗਈ ਉਹ ਲੋਕੀ ਉਸਨੂੰ ਬਿਹੋਸ਼ ਕਰਕੇ ਲਈ ਜਾਂਦੇ ਸਨ। ਰਸਤੇ ਵਿਚ ਸਾਡੇ ਲਸ਼ਕਰ ਦੇ ਸਿਪਾਹੀਆਂ ਨੇ ਉਨਾਂ ਨੂੰ ਪਕੜ ਲਿਆ ਅਰ ਡੋਲੀ ਸਮੇਤ ਕੁੰਵਰ ਜੀ ਦੇ ਪਾਸ ਲੈਗਏ।

ਏਥੇ ਉਸ ਸਿਪਾਹੀ ਨੇ ਬਹੁਤ ਸਾਰਾ ਹਾਲ ਚੰਦ੍ਰਕਲਾ ਦਾ ਅਰ ਸੋਮਦਤ ਦੀ ਬਦਮਾਸ਼ੀ ਦਾ ਭੀ ਸੁਣਾਯਾ ਜਿਸਨੂੰ



ਸੁਣਕੇ ਮਹਾਰਾਜ ਨੇ ਸੋਮਦਤ ਨੂੰ ਬਹੁਤ ਬੁਰਾ ਭਲਾ ਆਖਿਆ ਅਰ ਆਪਨੇ ਕੋਲ ਬੈਠੇ ਹੋਏ ਇਕ ਮੁਸਾਹਬ ਨੂੰ ਜੋ ਸ਼ਾਇਦ ਮੰਤ੍ਰੀ ਸੀ ਕਿਹਾ ਸੋਮਦਤ ਸਜਾ ਪਉਣ ਦੇ ਲਾਇਕ ਹੈ, ਕਿਸ਼ਨ ਪੁਰ ਦਾ ਰਾਜ ਉਸ ਪਾਸੋਂ ਖੋਹਕੇ ਚੰਦ੍ਰਕਲਾ ਨੂੰ ਦਵਾਉਣਾ ਚਾਹੀਦਾ ਹੈ।

ਮੰਤ੍ਰੀ—ਕਿਰਪਾ ਸਿੰਧੂ! ਜਰੂਰ ਐਸੇ ਤਰਾਂ ਹੀ ਹੋਣਾ ਚਾਹੀਦਾ ਹੈ, ਸੋਮਦਤ ਨੂੰ ਛਡਨਾ ਕਿਸੇ ਤਰਾਂ ਭੀ ਠੀਕ ਨਹੀ ਉਸਨੂੰ ਕੈਦ ਕਰਲੈਣਾਂ ਹੀ ਮੁਨਾਸਬ ਹੈ। ਨਹੀ ਤਾਂ ਓਹ ਮਹਾਰਾਜ ਸ੍ਰੀ ਦੱਤ ਜੀ ਦੀ ਸੰਤਾਨ ਨਾਲ ਹਮੇਸ਼ਾਂ ਦੁਸ਼ਮਨੀ ਕਰਦਾ ਰਹੇਗਾ ਪ੍ਰੰਤੂ ਜਦ ਤਕ ਉਸਦਾ ਬੰਦੋ ਬਸਤ ਨਹੀਂ ਹੁੰਦਾ, ਤਦ ਤਕ ਕਮਾਰੀ ਚੰਦ੍ਰਕਲਾ ਨੂੰ ਸਦਕੇ ਏਥੇ ਹੀ ਰਖਣਾ ਚਾਹੀਦਾ ਹੈ ਓਥੇ ਉਸਨੂੰ ਦੁਖ ਹੋਵੇਗਾ, ਕੋਈ ਲੌਂਡੀ ਭੀ ਉਸਦੀ ਸੇਵਾ ਲਈ ਓਥੇ ਨਹੀਂ ਹੈ।

ਮਹਾਰਾਜ—ਹੁਣੇ ਹੀ ਚਾਰ ਲੌਂਡੀਆਂ ਅਤੇ ਸਵਾਰੀ ਚੰਦ੍ਰਕਲਾ ਨੂੰ ਲੈਣ ਵਾਸਤੇ ਭੇਜੀਆ ਜਾਣ। ਅਰ ਪੰਜੀ ਉਸਨੂੰ ਹਿਫ਼ਾਜ਼ਤ ਨਾਲ ਲਿਔਣ ਵਾਸਤੇ ਜਾਣ। ਕੰਵਰ ਜੀ ਦਾ ਵੀ ਹੁਣ ਓਥੇ ਕੋਈ ਕੰਮ ਨਹੀਂ ਹੈ। ਅਰ ਓਹ ਭੀ ਜਲਦੀ ਵਾਪਸ ਆ ਜਾਣ, ਤੁਸੀ ਮੇਰੀ ਵਲੋਂ ਉਨਾਂ ਨੂੰ ਲਿਖ ਦਿਓ, ਕਿ ਜਦ ਉਨਾਂ ਦੀ ਤਬੀਅਤ ਠੀਕ ਨਹੀਂ ਹੈ ਤਾਂ ਓਨਾਂ ਦਾ ਓਥੇ ਰਹਿਣਾ ਚੰਗਾ ਨਹੀਂ ਹੈ, ਕੈਦੀਆਂ ਨੂੰ ਇਸ ਵਕਤ ਹਵਾਲਾਤ ਭੇਜ ਦਿਓ, ਕਲ ਅਸੀ ਓਨਾਂ ਦੀ ਬਾਬਤ ਵਿਚਾਰ ਕੇ ਹੁਕਮ ਦਿਆਂਗੇ।

ਮੰਤ੍ਰੀ ਨੇ ਚਿਠੀ ਲਿਖਕੇ ਮਹਾਰਾਜ ਨੂੰ ਦਿਖਾਈ ਫਿਰ ਓਹ ਉਸੇ ਸਿਪਾਹੀ ਨੂੰ ਚਿਠੀ ਦੇਕੇ ੨੫ ਸਵਾਰ ਅਤੇ ਚਾਰ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.